**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸ਼ੀ.ਓ. ਨੰ: 104-106, ਦੂਸਰੀ ਮੰਜ਼ਿਲ, ਸੈਕਟਰ – 34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621106 | 2624687 | ssa.punjab@yahoo.co.in |
| 2623207 | 2623206 | |
| 2663104 | | |
| 2624673 | | |


ਵਲ :

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)

ਮੀਮੋ ਨੰ: ASPD(EGS)/SSA/RBC/2009/43551-43570
ਮਿੱਤੀ ਚੰਡੀਗੜ੍ਹ: 1 ਜੂਨ 2009

**ਵਿਸ਼ਾ:-** **ਰੈਜ਼ੀਡੈਂਸ਼ੀਅਲ ਬ੍ਰਿਜਕੋਰਸ 2009-10 ਲਈ ਦਿਸ਼ਾ ਨਿਰਦੇਸ਼**

**1.0** ਉਪਰੋਕਤ ਵਿਸ਼ੇ ਤੇ ਮਿਤੀ 20-05-09 ਨੂੰ ਹੋਈ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰਿਵਿਉ ਮੀਟਿੰਗ ਵਿਚ ਫੈਸਲਾਂ ਲਿਆ ਗਿਆ ਕਿ ਸਾਲ 2009-10 ਦੌਰਾਨ ਸਰਵ ਸਿੱਖਿਆਂ ਅਭਿਆਨ ਅਥਾਰਟੀ, ਪੰਜਾਬ ਵਲੋਂ ਮੁਸ਼ਕਲ ਹਾਲਾਤਾਂ ਵਾਲੇ 7+-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਨੂੰ ਉਹਨਾ ਦੀ ਉਮਰ ਅਤੇ ਮਾਨਸਿਕ ਪੱਧਰ ਅਨੁਸਾਰ ਰੈਗੂਲਰ ਸਕੂਲ ਲਈ ਤਿਆਰ ਕਰਨ ਹਿਤ ਰਿਹਾਇਸ਼ੀ ਬ੍ਰਿਜ ਕੋਰਸ ਕੇਂਦਰ ਵਿਭਾਗ ਵਲੋਂ ਚਲਾਏ ਜਾਣਗੇ। ਇਹਨਾ ਕੇਂਦਰਾਂ ਦੀਆ ਪ੍ਰੱਮੁਖ ਵਿਸ਼ੇਤਾਵਾਂ ਹੇਠ ਅਨੁਸਾਰ ਹੋਣਗੀਆਂ।

## ੳ) ਭੌਤਿਕ ਦਿਸ਼ਾ ਨਿਰਦੇਸ਼

**I.** ਸਾਲ 2009-10 ਦੌਰਾਨ ਰਿਹਾਇਸ਼ੀ ਬ੍ਰਿਜ ਕੋਰਸ ਸੇਂਟਰ ਵਿਭਾਗ ਆਪਣੇ ਪੱਧਰ ਤੇ ਚਲਾਏਗਾ।

**II.** ਇਹ ਕੋਰਸ ਮਿਤੀ 1-07-09 ਤੋਂ ਸ਼ੁਰੂ ਕਰਕੇ 31-03-10 ਤੱਕ ਪੂਰੇ 9 ਮਹੀਨੇ ਵਾਸਤੇ ਚਲਾਏ ਜਾਣਗੇ।

**III.** ਇਕ ਆਰ.ਬੀ.ਸੀ ਕੇਂਦਰ 50 ਬੱਚਿਆਂ ਵਾਸਤੇ ਚਲਾਇਆ ਜਾਵੇਗਾ।

**IV.** ਇਹ ਕੇਂਦਰ ਪਹਿਲ ਦੇ ਅਧਾਰ ਤੇ ਮੌਜੂਦਾ ਸਕੂਲ ਇਮਾਰਤ ਜਾ ਕਿਰਾਏ/ਸਮਾਜ (ਭਾਈਚਾਰੇ) ਵਲੋਂ ਮੁਫਤ ਮੁੱਹਈਆ ਕੀਤੀ ਇਮਾਰਤ ਵਿਚ ਚਲਾਏ ਜਾਣਗੇ।

**V.** ਆਰ.ਬੀ.ਸੀ ਵਾਸਤੇ ਲਈ ਜਾਣ ਵਾਲੀ ਇਮਾਰਤ ਵਿਚ ਘੱਟ ਤੋ ਘੱਟ ਦੋ ਵੱਡੇ ਰਿਹਾਇਸ਼ੀ ਕਮਰੇ, ਦੋ ਕਲਾਸ ਰੂਮ, ਰਸੋਈ, ਡਾਇਨਿੰਗ ਰੂਮ, ਰੀਕ੍ਰਿਏਸ਼ਨ ਰੂਮ, ਚਾਰ ਬਾਥਰੂਮ ਅਤੇ ਚਾਰ ਪਖਾਨਿਆਂ (ਟਾਇਲੈਟਸ) ਦਾ ਹੋਣਾ ਜ਼ਰੂਰੀ ਹੈ।

**VI.** **ਸਟਾਫ ਦੀ ਭਰਤੀ ਸਬੰਧੀ** :- ਹਰੇਕ ਰੈਜ਼ੀਡੈਂਸ਼ੀਅਲ ਬ੍ਰਿਜਕੋਰਸ ਕੇਂਦਰ ਵਿਚ ਲੋੜੀਂਦਾ ਸਟਾਫ ਆਰਜੀ ਤੌਰ ਠੇਕੇ ਤੇ ਜ਼ਿ.ਸਿੱ. ਅਫਸਰ (ਐ.ਸਿੱ) ਵਲੋਂ ਪਸਵਕ/ਸ਼ਹਿਰੀ ਸਿੱਖਿਆਂ ਵਿਕਾਸ ਕਮੇਟੀ ਦੀ ਸਿਫਾਰਸ਼ ਦੇ ਅਧਾਰ ਤੇ ਪਾਰਦਰਸ਼ੀ ਤਰੀਕੇ ਨਾਲ ਅਤੇ ਮੈਰਿਟ ਦੇ ਅਧਾਰ ਤੇ ਸਥਾਨਕ ਰਿਹਾਇਸ਼ੀ ਨੂੰ ਤਰਜੀਹ ਦਿੱਤੀ ਜਾਵੇਗੀ। ਆਰ.ਬੀ.ਸੀ ਦੇ ਸਟਾਫ ਦੀ ਨਿਯੁਕਤੀ ਹੇਠ ਲਿਖੇ ਮਾਪਦੰਡ ਅਨੁਸਾਰ ਹੋਵੇਗੀ।

| **ਲੜੀ ਨੰ:** | **ਅਸਾਮੀ ਦਾ ਨਾਂ** | **ਯੋਗਤਾ** | **ਉਮਰ (ਸਾਲਾਂ ਵਿਚ)** | **ਮੇਹਨਤਾਨਾ** | **ਵਿਸ਼ੇਸ਼ ਕਥਨ** |
|---|---|---|---|---|---|
| 1. | ਵਾਰਡਨ-ਕਮ-ਆਰ.ਬੀ.ਸੀ ਵਲੰਟੀਅਰ | ਗੈਰਜੁਏਟ + ਅਕਾਉਂਟਸ ਅਤੇ ਦਫਤਰੀ ਪ੍ਰਬੰਧ ਵਿਚ ਇਕ ਸਾਲ ਦਾ ਤਜਰਬਾ | 35-45 | 5000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 1) ਇਸਤਰੀ ਵਾਰਡਨ ਨੂੰ ਤਰਜੀਹ ਦਿੱਤੀ ਜਾਵੇਗੀ।<br>2) 24 ਘੰਟੇ ਕੇਂਦਰ ਵਿਚ ਹਾਜ਼ਰ ਰਹੇਗਾ। |
| 2. | ਆਰ.ਬੀ.ਸੀ ਵਲੰਟੀਅਰ | 10+2 | 25-35 | 2500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | ਦਿਨ ਦੇ ਸਮੇਂ ਕੇਂਦਰ ਵਿਚ ਹਾਜ਼ਰ ਰਹੇਗਾ |
| 3. | ਕੁੱਕ | ਪੰਜਵੀਂ ਪਾਸ + ਖਾਣਾ ਬਣਾਉਣ ਦਾ ਤਜਰਬਾ | 25-45 | 3500/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 24 ਘੰਟੇ ਕੇਂਦਰ ਵਿਚ ਹਾਜ਼ਰ ਰਹੇਗਾ। |
| 4. | ਹੈਲਪਰ | ਪੰਜਵੀ ਪਾਸ | 21-40 | 2000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | 24 ਘੰਟੇ ਕੇਂਦਰ ਵਿਚ ਹਾਜ਼ਰ ਰਹੇਗਾ। |
| 5. | ਧੋਬੀ-ਕਮ-ਸਫਾਈ ਸੇਵਕ | ਪੰਜਵੀ ਪਾਸ | 21-40 | 2000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | |
| 6. | ਚੌਕੀਦਾਰ-ਕਮ-ਸੇਵਾਦਾਰ | ਅੱਠਵੀ ਪਾਸ | 21-45 | 2000/- (ਉੱਕਾ-ਪੁੱਕਾ ਪ੍ਰਤੀ ਮਹੀਨਾ) | |

**VII.** ਕੇਂਦਰ ਵਿਚ ਰਿਹਾਇਸ਼ ਦੌਰਾਨ ਬੱਚਿਆਂ ਨੂੰ ਰਹਿਣ-ਸਹਿਣ, ਖਾਣ-ਪੀਣ, ਪੜਣ-ਲਿਖਣ ਅਤੇ ਹੋਰ ਸਹੂਲਤਾਂ ਮਹੱਈਆ ਕਰਵਾਈਆਂ ਜਾਣਗੀਆਂ। ਜਿਨਾਂ ਦਾ ਵੇਰਵਾ ਹੇਠ ਅਨੁਸਾਰ ਹੈ:-

1) ਬੱਚਿਆਂ ਦੇ ਰਿਹਾਇਸ਼ ਲਈ ਲੋੜੀਂਦੇ ਸਾਜੋ ਸਮਾਨ, ਉਹਨਾ ਦੇ ਸੌਣ ਲਈ ਬਿਸਤਰੇ, ਨਹਾਉਣ ਧੋਣ ਦਾ ਪ੍ਰਬੰਧ, ਸਾਫ ਸਫਾਈ ਲਈ ਤੇਲ, ਸਾਬਣ, ਤੋਲੀਆ, ਯੂਨੀਫਾਰਮ 2 ਸੈਟ, ਅੰਡਰ ਗਾਰਮੈਂਟ 2 ਸੈਟ, ਸਕੂਲ ਬੂਟ ਅਤੇ 1 ਜੋੜਾ ਚੱਪਲ, ਸਵੈਟਰ-2, ਟੂਥਪੇਸਟ, ਟੂਥ ਬ੍ਰਸ਼ ਹਰ ਬੱਚੇ ਨੂੰ ਦੇਣਾ ਯਕੀਨੀ ਬਣਾਇਆ ਜਾਵੇਗਾ। ਇਸੇ ਤਰ੍ਹਾਂ ਹਰ ਬਾਥਰੂਮ ਵਿਚ ਬਾਲਟੀ ਅਤੇ ਮੱਗ ਹੋਣਾ ਲਾਜ਼ਮੀ ਹੋਵੇਗਾ।

2) ਸਾਰੇ ਬੱਚਿਆਂ ਨੂੰ ਮੁਫਤ ਕਿਤਾਂਬਾ, ਸਕੂਲ ਬੈਗ, ਸਟੇਸ਼ਨਰੀ (ਪੈਨ, ਪੈਨਸਲ, ਕਾਪੀਆਂ, ਸਲੇਟ, ਸਲੇਟੀ, ਰਬਰ, ਸਾਰਪਨਰ, ਜੁਮੈਟਰੀ ਬਾਕਸ) ਆਦਿ ਬੱਚੇ ਨੂੰ ਕੋਰਸ ਦੇ ਸੁਰੂ ਵਿਚ ਹੀ ਦੇਣਾ ਲਾਜਮੀ ਹੋਵੇਗਾ।

3) ਬਚਿਆਂ ਲਈ ਦੈਨਿਕ ਸਮਾ-ਸਾਰਣੀ ਹੇਠ ਅਨੁਸਾਰ ਹੋਵੇਗੀ:-

| ਸ਼ਮਾ | ਗਤੀਵਿਧੀਆਂ |
|---|---|
| 6:45 to 7:00 AM | ਜਾਗਣਾ |
| 7:00 to 7:30 AM | ਯੋਗਾ/ਸੇਵਰ ਦੀ ਕਸਰਤ |
| 7:30 to 9:00 AM | ਪਖਾਨਾ ਜਾਣਾ, ਬੁਰਸ ਕਰਨਾ ਅਤੇ ਨਹਾਉਣਾ |
| 9:00 to 9:30 AM | ਨਾਸ਼ਤਾ |
| 9:30 to 10 AM | ਸ਼ਵੇਰ ਦੀ ਸਭਾ |
| 10:00 AM to 1:00 PM | ਬ੍ਰਿਜ ਕੋਰਸ ਅਤੇ ਜੀਵਨ ਜਾਂਚ ਦੀਆਂ ਜਮਾਤਾਂ |
| 1:00 to 2:00 PM | ਦੁਪਿਹਰ ਦਾ ਖਾਣਾ |
| 2:00 to 3:30 PM | ਜਮਾਤਾਂ |
| 3:30 to 4:30 PM | Rest/Extra curricular activites |
| 4:30 to 5:00 PM | ਚਾਹ ਅਤੇ ਸਨੈਕਸ |
| 5:00 to 7:30 PM | ਖੇਡਣਾ-ਕੁਦਣਾ ਅਤੇ ਟੀ.ਵੀ ਦੇਖਣਾ |
| 7:30 to 8:30 PM | ਰਾਤ ਦਾ ਖਾਣਾ |
| 8:30 to 9:00 PM | ਕੇਂਦਰ ਵਿਚ ਸ਼ਾਮ ਦੀ ਸੈਰ |
| 9:00 PM | ਸੌਣ ਦਾ ਸਮਾਂ |

4) ਪੂਰੇ ਹਫਤੇ ਦੀ ਭੋਜਨ ਸੂਚੀ ਦਾ ਦਿਨਵਾਰ ਮੈਨਿਉ ਜਿ.ਸਿੱ. ਅਫਸਰ (ਐ.ਸਿੱ) ਤੋਂ ਮੰਜੂਰ ਕਰਵਾ ਕੇ ਕੇਂਦਰ ਵਿਚ ਪ੍ਰੱਮੁਖ ਸਥਾਨ ਤੇ ਲੱਗਾ ਹੋਵੇ ਅਤੇ ਉਸ ਅਨੁਸਾਰ ਹੀ ਬੱਚਿਆਂ ਨੂੰ ਭੋਜਨ ਦਿਤਾ ਜਾਣਾ ਲਾਜ਼ਮੀ ਹੋਵੇਗਾ। ਖਾਣੇ ਦੀ ਗੁਣਵੱਤਾ/ਤਾਜ਼ਗੀ ਅਤੇ ਸਾਫ ਸਫਾਈ ਵਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

5) ਕੇਂਦਰ ਵਿਚ ਖਾਣਾ ਬਨਾਉਣ ਲਈ ਰਸੋਈ ਅਤੇ ਰਸੋਈ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਦਾ ਪ੍ਰਬੰਧ ਆਰਜ਼ੀ ਤੌਰ ਤੇ ਭਾਈਚਾਰੇ ਦੀ ਸ਼ਮੂਲੀਅਤ ਨਾਲ ਕੀਤਾ ਜਾਵੇਗਾ।

6) ਕੇਂਦਰ ਨੂੰ ਚਲਾਉਣ ਲਈ ਕੋਈ ਵੀ ਸਾਜੋ-ਸਮਾਨ ਪੱਕੀ ਐਸੈਟ੍ਰ ਵਜ਼ੋ ਨਹੀ ਖਰੀਦੀ ਜਾਵੇਗੀ।

7) ਕਿਸੇ ਬੱਚੇ ਦੀ ਤਬੀਅਤ ਖਰਾਬ ਹੋਣ ਦੀ ਸੂਰਤ ਵਿਚ ਡਾਕਟਰੀ ਸਹਾਇਤਾ ਤੁਰੰਤ ਉਪਲੱਭਧ ਕਰਵਾਈ ਜਾਵੇਗੀ।

## ਅ) <u>ਅਕਾਦਮਿਕ ਦਿਸ਼ਾ ਨਿਰਦੇਸ਼</u>

**I.** ਬੱਚਿਆਂ ਨੂੰ ਉਹਨਾ ਦੀ ਆਯੂਗੁਟ ਅਤੇ ਮਾਨਸਿਕ ਪੱਧਰ ਅਨੁਸਾਰ ਬ੍ਰਿਜ ਕੋਰਸ- I, II ਅਤੇ III 9 ਮਹੀਨੇ ਦੇ ਸਮੇਂ ਦੌਰਾਨ ਕਰਵਾਏ ਜਾਣਗੇ। ਕੋਰਸ ਪੂਰਾ ਹੋਣ ਤੇ ਇਹਨਾ ਬੱਚਿਆਂ ਨੂੰ ਇਹਨਾ ਦੀ ਰਿਹਾਇਸ਼ ਦੇ ਨੇੜਲੇ ਫਾਰਮਲ ਰੈਗੂਲਰ ਸਕੂਲ ਵਿਚ ਯੋਗ ਜਮਾਤ ਵਿਚ ਦਾਖਲ ਕੀਤਾ ਜਾਵੇਗਾ।

**II.** ਆਰ.ਬੀ.ਸੀ ਵਿਚ ਦਾਖਲ ਹੋਣ ਵਾਲੇ ਬੱਚਿਆਂ ਦਾ ਮੁਢਲਾ ਮੁਲੰਕਣ (Base line) ਮੱਧ ਕੋਰਸ ਮੁਲੰਕਣ (Mid-Term Evaluation) ਅਤੇ ਆਖਰੀ ਮੁਲੰਕਣ (Final Evaluation) ਜ਼ਿਲ੍ਹਾ ਏ.ਆਈ.ਈ ਕੋ-ਆਡੀਨੇਟਰ ਅਤੇ ਜ਼ਿਲ੍ਹਾ ਮਾਸਟਰ ਟ੍ਰੇਨਰ (DMT Parroh Punjab)ਵਲੋਂ ਕਰਨਾ ਲਾਜ਼ਮੀ ਹੋਵੇਗਾ।

**III.** ਪ੍ਰੋਗ੍ਰਾਮ ਦਾ ਸਮੇਂ-ਸਮੇਂ ਤੇ ਕੀਤਾ ਜਾਣ ਵਾਲਾ ਮੁਲੰਕਣ (Evaluation) ਦੀ ਰਿਪੋਰਟ ਮੁਖ ਦਫਤਰ ਨੂੰ ਭੇਜੀ ਜਾਵੇਗੀ।

**IV.** ਆਰ.ਬੀ.ਸੀ ਕੇਂਦਰ ਨੂੰ ਉਪਰੋਕਤ ਦੱਸੇ ਗਏ ਦਿਸ਼ਾ ਨਿਰਦੇਸ਼ ਅਨੁਸਾਰ ਚਲਾਉਣਾ ਹੋਵੇਗਾ।

**V.** ਕੋਰਸ ਦੇ ਅੰਤ ਵਿਚ ਬੱਚਿਆਂ ਨੂੰ ਫਾਰਮਲ ਸਕੂਲ ਵਿਚ ਦਾਖਲ ਕਰਵਾਉਣ ਦੀ ਸਮੁੱਚੀ ਜਿਮੇਵਾਰੀ ਜ਼ਿਲ੍ਹਾ ਏ.ਆਈ.ਈ ਕੋਆਡੀਨੇਟਰ/ਜ਼ਿ.ਸਿੱ. ਅਫਸਰ (ਐ.ਸਿੱ) ਦੀ ਹੋਵੇਗੀ।

## ੲ) <u>ਵਿੱਤੀ ਦਿਸ਼ਾ ਨਿਰਦੇਸ਼</u>

**I.** ਆਰ.ਬੀ.ਸੀ ਕੇਂਦਰ ਵਿਚ ਦਾਖਲ ਕੀਤੇ ਗਏ ਬੱਚਿਆਂ ਲਈ 10,000/- ਪ੍ਰਤੀ ਬੱਚੇ ਦੇ ਹਿਸਾਬ ਨਾਲ 9 ਮਹੀਨੇ ਦੇ ਸਮੂਚੇ ਕੋਰਸ ਲਈ ਰਾਸ਼ੀ ਦਿੱਤੀ ਜਾਵੇਗੀ।

**II.** ਕੇਂਦਰ ਨੂੰ ਚਲਾਉਣ, ਪੂਰੇ ਅਮਲੇ ਦਾ ਮਿਹਨਤਾਨਾ ਅਤੇ ਬੱਚਿਆਂ ਨੂੰ ਹੋਰ ਸਾਰੀਆਂ ਸਹੂਲਤਾ ਮੁੱਹਈਆ ਕਰਵਾਉਣ ਤੇ ਆਉਣ ਵਾਲਾ ਸਮੂਹ ਖਰਚਾ 10,000/- ਰੁਪਏ ਪ੍ਰਤੀ ਬੱਚੇ ਦੀ ਗ੍ਰਾਂਟ ਵਿਚੋਂ ਹੀ ਕੀਤਾ ਜਾਵੇਗਾ।

**III.** ਕੇਂਦਰ ਨੂੰ ਪ੍ਰਾਪਤ ਹੋਈ ਰਕਮ ਅਤੇ ਵੱਖ-ਵੱਖ ਗਤੀਵਿਧੀਆਂ ਤੇ ਕੀਤੇ ਗਏ ਸਮੂਹ ਖਰਚੇ ਦਾ ਹਿਸਾਬ-ਕਿਤਾਬ ਆਰ.ਬੀ.ਸੀ ਵਾਰਡਨ ਵਲੋਂ ਰੱਖਿਆ ਜਾਵੇਗਾ।

**IV.** CAG ਜਾਂ AG Punjab ਜਾਂ ਵਿਭਾਗ ਦੀ ਮੰਗ ਅਨੁਸਾਰ ਲੋੜੀਂਦਾ ਰਿਕਾਰਡ ਆਰ.ਬੀ.ਸੀ ਵਾਰਡਨ ਅਤੇ ਸਟਾਫ ਵਲੋਂ ਸਮੇਂ-ਸਮੇਂ ਤੇ ਉਪੱਲਭਧ ਕਰਵਾਇਆ ਜਾਵੇਗਾ।

**V.** ਵਾਰਡਨ ਵਲੋਂ ਦਿੱਤੇ ਅਨੁਮਾਨਤ ਖਰਚੇ ਦੇ ਅਧਾਰ ਤੇ ਮਹੀਨਾਵਾਰ ਫੰਡਜ਼ ਜ਼ਿ.ਸਿੱ. ਅਫਸਰ (ਐ.ਸਿੱ) ਵਲੋਂ ਜਾਰੀ ਕੀਤੇ ਜਾਣਗੇ। ਇਹਨਾ ਫੰਡਾ ਦੀ ਮਹੀਨਾਵਾਰ ਖਰਚਾ ਸੂਚੀ ਅਤੇ ਵਰਤੋਂ ਸਰਟੀਫੀਕੇਟ ਵਾਰਡਨ ਵਲੋਂ ਭੇਜਣਾ ਲਾਜ਼ਮੀ ਹੋਵੇਗਾ।

**VI.** ਆਰ.ਬੀ.ਸੀ ਦਾ ਸਾਰਾ ਭੌਤਿਕ ਅਤੇ ਵਿੱਤੀ ਰਿਕਾਰਡ ਜ਼ਿ.ਸਿੱ. ਅਫਸਰ (ਐ.ਸਿੱ) ਦੇ ਦਫਤਰ ਵਿਖੇ ਹੀ ਹਿਫਾਜ਼ਤ ਹੇਠ ਰੱਖਿਆ ਜਾਵੇਗਾ।

-ਸਹੀ-
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਐਸ.ਏ ਪੰਜਾਬ**